


# ਵੋਟਰ ਗਾਈਡ 2026

ਸਨਿੱਚਰਵਾਰ, 17 ਅਕਤੂਬਰ, 2026
ਅਗਾਊਂ ਵੋਟ ਪਾਉਣ (ਐਡਵਾਂਸ ਵੋਟਿੰਗ) ਦੇ ਦਿਨ: 7, 8, 9, 10 ਅਤੇ 14 ਅਕਤੂਬਰ, 2026

## ਨਿਊ ਵੈਸਟਮਨਿਸਟਰ ਦੀਆਂ ਚੋਣਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ

**ਫੇਸਬੁੱਕ**: /NewWestminster
**ਐਕਸ (**X**)**: @New_Westminster
#nwelxn
**ਵੈੱਬਸਾਈਟ ਆਈਕਨ +** newwestcity.ca/elections

**ਡਾਕ ਰਾਹੀਂ ਵੋਟ ਪਾਉਣ ਦੀ ਚੋਣ**
ਕੀ ਤੁਸੀਂ ਜਾਣਦੇ ਹੋ ਕਿ ਸਾਰੇ ਯੋਗ ਵੋਟਰ ਡਾਕ ਰਾਹੀਂ ਵੋਟ ਪਾ ਸਕਦੇ ਹਨ?

ਤੁਸੀਂ ਜਾ ਕੇ ਵੀ ਵੋਟ ਪਾ ਸਕਦੇ ਹੋ।

**ਇਸ ਗਾਈਡ ਨੂੰ ਹੋਰ ਭਾਸ਼ਾਵਾਂ ਵਿੱਚ ਆਨਲਾਈਨ ਪੜ੍ਹੋ।**
ਇਸ ਗਾਈਡ ਦੇ ਸੰਸਕਰਨ ਫਰਾਂਸੀਸੀ, ਸਰਲ ਚੀਨੀ, ਰਵਾਇਤੀ ਚੀਨੀ, ਪੰਜਾਬੀ, ਕੋਰੀਅਨ ਅਤੇ ਸਪੈਨਿਸ਼ ਭਾਸ਼ਾਵਾਂ ਵਿੱਚ ਉਪਲਬਧ ਹਨ। ਇਿਹਨਾਂ ਨੂੰ newwestcity.ca/elections 'ਤੇ ਆਨਲਾਈਨ ਦੇਖੋ।

ਉਮੀਦਵਾਰਾਂ ਦੇ ਜਾਣਕਾਰੀ ਪੱਤਰਾਂ (ਪ੍ਰੋਫ਼ਾਈਲ) ਦਾ ਅਨੁਵਾਦ ਨਹੀਂ ਕੀਤਾ ਗਿਆ ਹੈ।

ਅਸੀਂ ਮਾਨਤਾ ਦਿੰਦੇ ਹਾਂ ਅਤੇ ਸਤਿਕਾਰ ਕਰਦੇ ਹਾਂ ਕਿ ਨਿਊ ਵੈਸਟਮਨਿਸਟਰ ਹਾਲਕੋਮੇਲੇਮ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਅਣ-ਸੌਂਪੀ ਅਤੇ ਅਣ-ਤਿਆਗੀ ਧਰਤੀ 'ਤੇ ਸਥਿਤ ਹੈ। ਅਸੀਂ ਮੰਨਦੇ ਹਾਂ ਕਿ ਬਸਤੀਵਾਦ ਨੇ ਉਹਨਾਂ ਦੇ ਇਤਿਹਾਸਾਂ ਅਤੇ ਇਸ ਧਰਤੀ ਨਾਲ ਸਬੰਧਾਂ ਨੂੰ ਅਦਿੱਖ ਬਣਾ ਦਿੱਤਾ ਹੈ। ਇੱਕ ਸ਼ਹਿਰ ਵਜੋਂ, ਅਸੀਂ ਉਹਨਾਂ ਲੋਕਾਂ ਬਾਰੇ ਸਿੱਖ ਰਹੇ ਹਾਂ ਅਤੇ ਉਹਨਾਂ ਨਾਲ ਸਬੰਧ ਬਣਾ ਰਹੇ ਹਾਂ ਜਿਨ੍ਹਾਂ ਦੀ ਧਰਤੀ 'ਤੇ ਅਸੀਂ ਵੱਸੇ ਹੋਏ ਹਾਂ।

17 ਅਕਤੂਬਰ 2026 ਨੂੰ, ਨਿਊ ਵੈਸਟਮਨਿਸਟਰ ਦੇ ਵੋਟਰ ਇਹਨਾਂ ਦੀ ਚੋਣ ਕਰਨਗੇ:

- 1 ਮੇਅਰ
- 6 ਕੌਂਸਲਰ
- 7 ਸਕੂਲ ਟਰੱਸਟੀ

ਅਹੁਦੇ ਚਾਰ ਸਾਲਾਂ ਦੇ ਕਾਰਜਕਾਲ ਲਈ ਹੁੰਦੇ ਹਨ।

ਇਸ ਕਿਤਾਬਚੇ ਵਿੱਚ ਉਹ ਸਭ ਕੁਝ ਸ਼ਾਮਲ ਹੈ ਜਿਸ ਦੀ ਤੁਹਾਨੂੰ ਵੋਟ ਕਦੋਂ, ਕਿੱਥੇ ਅਤੇ ਕਿਵੇਂ ਪਾਉਣੀ ਹੈ, ਬਾਰੇ ਜਾਣਨ ਦੀ ਲੋੜ ਹੈ। ਇਸ ਵਿੱਚ ਸਥਾਨਕ ਚੋਣ ਪ੍ਰਕਿਰਿਆ ਬਾਰੇ ਹੋਰ ਜਾਣੋ, ਇਹ ਕਿਵੇਂ ਪਤਾ ਕਰੀਏ ਕਿ ਕੀ ਤੁਸੀਂ ਵੋਟ ਪਾਉਣ ਲਈ ਯੋਗ ਹੋ, ਕੀ ਤੁਹਾਡਾ ਪਹਿਲਾਂ ਹੀ ਵੋਟ ਪਾਉਣ ਲਈ ਨਾਂ ਦਾਖਲ ਹੈ, ਅਤੇ ਜੇਕਰ ਨਹੀਂ ਹੈ, ਤਾਂ ਨਾਂ ਦਾਖਲ (ਰਜਿਸਟਰ) ਕਿਵੇਂ ਕਰਵਾਉਣਾ ਹੈ।

ਤੁਹਾਨੂੰ ਮੇਅਰ, ਕੌਂਸਲਰਾਂ ਅਤੇ ਸਕੂਲ ਟਰੱਸਟੀਆਂ ਲਈ ਉਮੀਦਵਾਰਾਂ ਬਾਰੇ ਸੰਖੇਪ ਜੀਵਨੀਆਂ ਵੀ ਮਿਲਣਗੀਆਂ ਜੋ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨਗੀਆਂ।

## ਵੋਟਰ ਲਈ ਜਾਣਕਾਰੀ

## ਮੈਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ?

ਸਥਾਨਕ ਸਰਕਾਰ ਦੀਆਂ ਚੋਣਾਂ ਵਿੱਚ ਵੋਟ ਪਾਉਣਾ ਉਹਨਾਂ ਸਭ ਤੋਂ ਵੱਧ ਮਹੱਤਵਪੂਰਨ ਕੰਮਾਂ ਵਿੱਚੋਂ ਇੱਕ ਹੈ ਜੋ ਤੁਸੀਂ ਆਪਣੀ ਕਮਿਊਨਿਟੀ ਨੂੰ ਬਿਹਤਰ ਬਣਾਉਣ ਲਈ ਕਰ ਸਕਦੇ ਹੋ। ਜਿਨ੍ਹਾਂ ਲੋਕਾਂ ਨੂੰ ਤੁਸੀਂ ਆਪਣੀ ਸਥਾਨਕ ਸਰਕਾਰ ਲਈ ਚੁਣਦੇ ਹੋ, ਉਹ ਅਜਿਹੇ ਫੈਸਲੇ ਲੈਂਦੇ ਹਨ ਜੋ ਸਿੱਧੇ ਤੌਰ 'ਤੇ ਤੁਹਾਡੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ। ਉਹਨਾਂ ਵੱਲੋਂ ਲਏ ਜਾਣ ਵਾਲੇ ਕੁਝ ਫੈਸਲਿਆਂ ਵਿੱਚ ਸ਼ਾਮਲ ਹਨ:

- ਲਾਇਬ੍ਰੇਰੀਆਂ ਅਤੇ ਕਮਿਊਨਿਟੀ ਸੈਂਟਰਾਂ ਵਿਖੇ ਸੇਵਾਵਾਂ
- ਜਨਤਕ ਸੁਰੱਖਿਆ ਵਿੱਚ ਸਹਾਇਤਾ ਕਰਨ ਵਾਲੀਆਂ ਪੁਲਿਸ ਅਤੇ ਅੱਗ ਬੁਝਾਉਣ ਦੀਆਂ ਸੇਵਾਵਾਂ
- ਕਿੰਡਰਗਾਰਟਨ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਸਰਕਾਰੀ ਸਕੂਲਾਂ ਲਈ ਸਿੱਖਿਆ ਸੇਵਾਵਾਂ
- ਤੁਹਾਡੀ ਕਮਿਊਨਿਟੀ ਵਿੱਚ ਇਮਾਰਤਾਂ ਅਤੇ ਮਕਾਨਾਂ ਦੀਆਂ ਕਿਸਮਾਂ
- ਸਾਈਡਵਾਕਾਂ ਅਤੇ ਸੜਕਾਂ ਜਿਨ੍ਹਾਂ 'ਤੇ ਤੁਸੀਂ ਤੁਰਦੇ, ਸਾਈਕਲ ਚਲਾਉਂਦੇ, ਵੀਲ ਚੇਅਰ ਜਾਂ ਤੁਰਨ-ਫਿਰਨ ਚ ਸਹਾਰਾ ਦੇਣ ਵਾਲੇ ਹੋਰ ਪਹੀਆਂ ਵਾਲੇ ਯੰਤਰਾਂ ਦੀ ਵਰਤੋਂ ਕਰਦੇ ਜਾਂ ਗੱਡੀ ਚਲਾਉਂਦੇ ਹੋ
- ਪਾਰਕ ਜਿੱਥੇ ਤੁਸੀਂ ਕੁਦਰਤ ਦਾ ਅਨੰਦ ਮਾਣਦੇ, ਆਰਾਮ ਕਰਦੇ ਅਤੇ ਖੇਡਦੇ ਹੋ
- ਪਾਣੀ ਅਤੇ ਸੀਵਰੇਜ ਦੀਆਂ ਸਹੂਲਤਾਂ ਜੋ ਤੁਹਾਡੇ ਘਰ ਤੱਕ ਪਹੁੰਚਦੀਆਂ ਹਨ

## ਕੀ ਮੈਂ ਵੋਟ ਪਾਉਣ ਦੇ ਯੋਗ ਹਾਂ?

ਜੇਕਰ ਤੁਸੀਂ ਨਿਊ ਵੈਸਟਮਨਿਸਟਰ ਵਿੱਚ ਰਹਿੰਦੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ ਜੇਕਰ:

- ਤੁਸੀਂ ਵੋਟ ਪਾਉਣ ਵਾਲੇ ਦਿਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ
- ਤੁਸੀਂ ਕੈਨੇਡਾ ਦੇ ਸਿਟੀਜ਼ਨ ਹੋ
- ਤੁਸੀਂ ਵੋਟ ਪਾਉਣ ਵਾਲੇ ਦਿਨ ਤੋਂ ਘੱਟੋ-ਘੱਟ ਛੇ ਮਹੀਨੇ ਪਹਿਲਾਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀ ਹੋ
- ਤੁਹਾਨੂੰ ਕਿਸੇ ਕਾਨੂੰਨ ਜਾਂ ਨਿਯਮ ਤਹਿਤ ਵੋਟ ਪਾਉਣ ਲਈ ਅਯੋਗ ਕਰਾਰ ਨਾ ਦਿੱਤਾ ਗਿਆ ਹੋਵੇ

ਜੇਕਰ ਤੁਸੀਂ ਨਿਊ ਵੈਸਟਮਨਿਸਟਰ ਵਿੱਚ ਨਹੀਂ ਰਹਿੰਦੇ ਪਰ ਸ਼ਹਿਰ ਵਿੱਚ ਤੁਹਾਡੀ ਕੋਈ ਜਾਇਦਾਦ ਹੈ, ਤਾਂ ਤੁਸੀਂ ਨਾਨ-ਰੈਜ਼ੀਡੈਂਟ ਪ੍ਰਾਪਰਟੀ ਇਲੈਕਟਰ (ਐਨ ਆਰ ਪੀ ਈ) ਵਜੋਂ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ। ਨਾਨ-ਰੈਜ਼ੀਡੈਂਟ ਪ੍ਰਾਪਰਟੀ ਇਲੈਕਟਰ ਵਜੋਂ ਵੋਟ ਪਾਉਣ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ newwestcity.ca/elections 'ਤੇ ਜਾਓ।

## ਮੈਂ ਵੋਟ ਪਾਉਣ ਲਈ ਨਾਂ ਦਾਖਲ (ਰਜਿਸਟਰ) ਕਿਵੇਂ ਕਰਾਵਾਂ?

ਨਿਊ ਵੈਸਟਮਨਿਸਟਰ ਸਭ ਤੋਂ ਤਾਜ਼ਾ ਸੂਬਾਈ ਵੋਟਰ ਸੂਚੀ ਦੀ ਵਰਤੋਂ ਕਰਦਾ ਹੈ। ਇਸ ਸੂਚੀ ਨੂੰ 25 ਅਗਸਤ, 2026 ਨੂੰ ਅੰਤਿਮ ਰੂਪ ਦਿੱਤਾ ਗਿਆ ਸੀ।

ਜੇਕਰ ਤੁਹਾਡਾ ਨਾਮ ਇਸ ਸੂਚੀ ਵਿੱਚ ਸ਼ਾਮਲ ਹੈ, ਤਾਂ ਤੁਹਾਨੂੰ ਸਤੰਬਰ ਦੇ ਅੰਤ ਵਿੱਚ ਡਾਕ ਰਾਹੀਂ ਆਪਣਾ ਨਿੱਜੀ ਵੋਟਰ ਕਾਰਡ ਪ੍ਰਾਪਤ ਹੋਣਾ ਚਾਹੀਦਾ ਹੈ। ਇਸ ਕਾਰਡ ਵਿੱਚ ਨਿਊ ਵੈਸਟਮਨਿਸਟਰ ਦੇ ਸਾਰੇ ਵੋਟਾਂ ਪਾਉਣ ਵਾਲੇ (ਪੋਲਿੰਗ) ਸਥਾਨਾਂ ਦੀ ਜਾਣਕਾਰੀ ਸ਼ਾਮਲ ਹੈ।

## ਜੇਕਰ ਮੇਰਾ ਨਾਂ ਵੋਟਰ ਸੂਚੀ ਵਿੱਚ ਨਹੀਂ ਹੈ, ਜਾਂ ਮੈਨੂੰ ਵੋਟਰ ਕਾਰਡ ਨਹੀਂ ਮਿਲਿਆ ਤਾਂ ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਆਮ ਵੋਟਾਂ ਪਾਉਣ ਵਾਲੇ ਦਿਨ (17 ਅਕਤੂਬਰ) ਜਾਂ ਅਗਾਊਂ ਵੋਟਾਂ ਪਾਉਣ ਵਾਲੇ ਦਿਨਾਂ ਦੌਰਾਨ ਕਿਸੇ ਵੀ ਵੋਟਾਂ ਪਾਉਣ ਵਾਲੇ (ਪੋਲਿੰਗ) ਸਥਾਨ 'ਤੇ ਨਾਂ ਦਾਖਲ (ਰਜਿਸਟਰ) ਕਰਵਾ ਸਕਦੇ ਹੋ।

ਵੋਟ ਪਾਉਣ ਵਾਲੇ (ਪੋਲਿੰਗ) ਸਥਾਨ 'ਤੇ ਵੋਟ ਪਾਉਣ ਲਈ ਨਾਂ ਦਾਖਲ ਕਰਨ ਵਾਸਤੇ, ਤੁਹਾਨੂੰ ਸ਼ਨਾਖਤ (ਆਈ ਡੀ) ਵਾਲੀਆਂ ਦੋ ਚੀਜ਼ਾਂ ਨਾਲ ਲਿਆਉਣ ਦੀ ਲੋੜ ਹੈ ਜੋ ਤੁਹਾਡੀ ਪਛਾਣ ਅਤੇ ਰਿਹਾਇਸ਼ੀ ਪਤੇ ਦੀ ਪੁਸ਼ਟੀ ਕਰਦੀਆਂ ਹੋਣ। ਇਹਨਾਂ ਵਿੱਚੋਂ ਘੱਟੋ-ਘੱਟ ਇੱਕ ਦਸਤਾਵੇਜ਼ 'ਤੇ ਤੁਹਾਡੇ ਦਸਤਖਤ ਹੋਏ ਹੋਣੇ ਜ਼ਰੂਰੀ ਹਨ। ਸ਼ਨਾਖਤ ਲਈ ਮਨਜ਼ੂਰ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੀਆਂ ਉਦਾਹਰਨਾਂ ਲਈ ਹੇਠਾਂ ਦੇਖੋ। ਚੋਣ ਅਧਿਕਾਰੀ ਨਾਂ ਦਾਖਲ ਕਰਨ ਦੀ ਕਾਰਵਾਈ ਪੂਰੀ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

- ਬੀ ਸੀ ਕੇਅਰ-ਕਾਰਡ *
- ਬੀ ਸੀ ਡਰਾਈਵਰ ਦਾ ਲਸੰਸ*
- ਬੀ ਸੀ ਆਇਡੈਂਟੀਫਿਕੇਸ਼ਨ ਕਾਰਡ (ਬੀ ਸੀ ਆਈ ਡੀ)
- ਬੀ ਸੀ ਸਰਵਿਸਿਜ਼ ਕਾਰਡ
- ਬਰਥ ਸਰਟੀਫਿਕੇਟ
- ਕੈਨੇਡੀਅਨ ਪਾਸਪੋਰਟ
- ਇੰਡੀਅਨ ਸਟੇਟਸ ਦਾ ਸਰਟੀਫਿਕੇਟ
- ਸਿਟੀਜ਼ਨਸ਼ਿਪ ਕਾਰਡ
- ਕ੍ਰੈਡਿਟ/ਡੈਬਿਟ ਕਾਰਡ
- ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡੱਕਸ਼ਨ ਵੱਲੋਂ ਮਾਸਿਕ ਰਿਪੋਰਟ ਫਾਰਮ (ਐੱਚ ਆਰ 0081)
- ਨੈਕਸਸ ਕਾਰਡ
- ਪ੍ਰਾਪਰਟੀ ਟੈਕਸ ਦਾ ਨੋਟਿਸ
- ਕਾਨੂੰਨੀ ਘੋਸ਼ਣਾ/ਸਹੁੰ ਚੁੱਕ ਐਫੀਡੇਵਿਟ
- ਸਟੂਡੈਂਟ ਕਾਰਡ
- ਯੂਟਿਲਿਟੀ ਬਿੱਲ (ਬਿਜਲੀ, ਨੈਚੁਰਲ ਗੈਸ, ਪਾਣੀ, ਟੈਲੀਫੋਨ ਜਾਂ ਕੇਬਲ ਦੀਆਂ ਸੇਵਾਵਾਂ)
- ਨਿਊ ਵੈਸਟਮਨਿਸਟਰ ਪਬਲਿਕ ਲਾਇਬਰੇਰੀ ਦਾ ਕਾਰਡ
- ਆਈ ਸੀ ਬੀ ਸੀ ਦੁਆਰਾ ਜਾਰੀ ਮਾਲਕ ਦਾ ਇੰਸ਼ੋਰੈਂਸ/ਵਾਹਨ ਲਸੰਸ ਸਰਟੀਫਿਕੇਟ
- ਇਨਕਮ ਟੈਕਸ ਅਸੈਸਮੈਂਟ

* ਬੀ ਸੀ ਡਰਾਈਵਰ ਦਾ ਲਸੰਸ ਅਤੇ ਕੇਅਰ-ਕਾਰਡ ਦੇ ਇਕੱਠੇ ਕਾਰਡ ਨੂੰ ਸ਼ਨਾਖਤ (ਆਈ ਡੀ) ਵਾਲੀ ਇੱਕ ਚੀਜ਼ ਮੰਨਿਆ ਜਾਂਦਾ ਹੈ।

ਜੇਕਰ ਤੁਸੀਂ ਡਾਕ ਰਾਹੀਂ ਵੋਟ ਪਾਉਣ ਵਾਲੀ ਪਰਚੀ (ਬੈਲਟ) ਦੀ ਮੰਗ ਕਰਦੇ ਹੋ, ਤਾਂ ਰਜਿਸਟ੍ਰੇਸ਼ਨ ਫਾਰਮ ਪੈਕੇਜ ਵਿੱਚ ਸ਼ਾਮਲ ਹੋਵੇਗਾ।

## ਮੇਰੇ ਕੋਲ ਸ਼ਨਾਖਤ (ਆਈ ਡੀ) ਵਾਲੀ ਸਿਰਫ਼ ਇੱਕ ਹੀ ਚੀਜ਼ ਹੈ। ਕੀ ਮੈਂ ਫਿਰ ਵੀ ਵੋਟ ਪਾਉਣ ਲਈ ਨਾਂ ਦਾਖਲ (ਰਜਿਸਟਰ) ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਪੋਲਿੰਗ ਸਟੇਸ਼ਨ 'ਤੇ ਪ੍ਰਧਾਨ ਚੋਣ ਅਧਿਕਾਰੀ (ਪ੍ਰੈਜ਼ਾਈਡਿੰਗ ਇਲੈਕਸ਼ਨ ਆਫੀਸ਼ੀਅਲ) ਦੇ ਸਾਹਮਣੇ ਵੋਟਰ ਦੀ ਪਛਾਣ ਅਤੇ ਰਿਹਾਇਸ਼ ਦੇ ਸਥਾਨ ਬਾਰੇ ਘੋਸ਼ਣਾ-ਪੱਤਰ (ਡਿਕਲੇਅਰੇਸ਼ਨ ਆਫ ਇਲੈਕਟਰ ਆਇਡੈਂਟਟੀ ਐਂਡ ਪਲੇਸ ਆਫ ਰੈਜ਼ੀਡੈਂਟ) 'ਤੇ ਸਹੁੰ ਚੁੱਕ ਸਕਦੇ ਹੋ। ਇਹ ਘੋਸ਼ਣਾ-ਪੱਤਰ ਤੁਹਾਡੀ ਸ਼ਨਾਖਤ ਦਾ ਦੂਜਾ ਸਬੂਤ ਬਣ ਜਾਵੇਗਾ।

## ਮੇਰਾ ਕੋਈ ਪੱਕਾ ਐਡਰੈੱਸ ਨਹੀਂ ਹੈ। ਕੀ ਮੈਂ ਫਿਰ ਵੀ ਵੋਟ ਪਾ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਨਿਊ ਵੈਸਟ ਵਿੱਚ ਸਥਿਤ ਕਿਸੇ ਸਥਾਨਕ ਸ਼ੈਲਟਰ ਜਾਂ ਸਮਾਜਿਕ ਸੰਸਥਾ, ਜਿੱਥੇ ਤੁਸੀਂ ਜਾਂਦੇ ਹੋ, ਦੀ ਵਰਤੋਂ ਕਰਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹੋ ਅਤੇ ਵੋਟ ਪਾ ਸਕਦੇ ਹੋ। ਕਿਰਪਾ ਕਰਕੇ ਚੋਣ ਵਾਲੇ ਦਿਨ ਤੋਂ ਪਹਿਲਾਂ ਉਹਨਾਂ ਤੋਂ ਸਿੱਧੇ ਤੌਰ 'ਤੇ ਇੱਕ ਅਧਿਕਾਰਤ ਪੱਤਰ ਪ੍ਰਾਪਤ ਕਰਨ ਦੀ ਬੇਨਤੀ ਕਰੋ। ਇਹ ਪੱਤਰ ਰਜਿਸਟ੍ਰੇਸ਼ਨ ਲਈ ਲੋੜੀਂਦੀਆਂ ਤੁਹਾਡੀਆਂ ਸ਼ਨਾਖਤ ਵਾਲੀਆਂ ਚੀਜ਼ਾਂ ਵਿੱਚੋਂ ਇੱਕ ਵਜੋਂ ਕੰਮ ਕਰੇਗਾ। ਸ਼ਨਾਖਤ ਵਾਲੀ ਦੂਜੀ ਚੀਜ਼ 'ਤੇ ਤੁਹਾਡਾ ਨਾਮ ਅਤੇ ਦਸਤਖਤ ਹੋਣੇ ਚਾਹੀਦੇ ਹਨ, ਜਾਂ ਫਿਰ ਤੁਸੀਂ ਪੋਲਿੰਗ ਸਟੇਸ਼ਨ 'ਤੇ ਆਪਣੀ ਸ਼ਨਾਖਤ ਬਾਰੇ ਵਿਹਾਰਕ ਘੋਸ਼ਣਾ (ਸਾਲ੍ਹਮ ਡਿਕਲੇਅਰੇਸ਼ਨ) ਕਰ ਸਕਦੇ ਹੋ।

## ਜੇਕਰ ਮੈਂ ਖੁਦ ਜਾ ਕੇ ਵੋਟ ਨਾ ਪਾ ਸਕਾਂ ਤਾਂ ਕਿਵੇਂ ਵੋਟ ਪਾ ਸਕਦਾ/ਸਕਦੀ ਹਾਂ?

ਸਾਲ 2026 ਵਿੱਚ, ਡਾਕ ਰਾਹੀਂ ਵੋਟ ਪਾਉਣ ਦੀ ਸਹੂਲਤ ਉਪਲਬਧ ਹੈ। 31 ਅਗਸਤ 2026 ਤੋਂ ਸ਼ੁਰੂ, ਤੁਸੀਂ newwestcity.ca/elections 'ਤੇ ਆਨਲਾਈਨ ਡਾਕ ਰਾਹੀਂ ਵੋਟ ਪਾਉਣ ਵਾਲੀ ਪਰਚੀ (ਬੈਲਟ) ਭੇਜਣ ਲਈ ਬੇਨਤੀ ਕਰ ਸਕਦੇ ਹੋ, ਜਾਂ ਜੇਕਰ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ 604-527-4618 'ਤੇ ਫੋਨ ਕਰ ਸਕਦੇ ਹੋ।

**ਵੋਟਾਂ ਵਿੱਚ ਗਿਣੇ ਜਾਣ ਲਈ, ਡਾਕ ਰਾਹੀਂ ਭੇਜੀਆਂ ਗਈਆਂ ਵੋਟ ਪਰਚੀਆਂ (ਮੇਲ ਬੈਲਟਸ) ਦਾ 17 ਅਕਤੂਬਰ 2026 ਨੂੰ ਸ਼ਾਮ ਦੇ 8:00 ਵਜੇ ਤੱਕ ਸਿਟੀ ਹਾਲ (511 ਰਾਇਲ ਐਵਿਨਿਊ) ਵਿਖੇ ਪਹੁੰਚਣਾ ਜ਼ਰੂਰੀ ਹੈ**। ਡਾਕ ਲਈ ਬਣਿਆ ਡ੍ਰੌਪ ਬਾਕਸ 24 ਘੰਟੇ ਅਤੇ ਹਫ਼ਤੇ ਦੇ ਸੱਤੇ ਦਿਨ ਵਰਤੋਂ ਲਈ ਉਪਲਬਧ ਹੈ ਅਤੇ ਇਹ ਬਾਹਰਲੇ ਉੱਤਰੀ-ਕੇਂਦਰੀ ਦਰਵਾਜ਼ੇ ਦੇ ਨਾਲ ਸਥਿਤ ਹੈ। 17 ਅਕਤੂਬਰ ਨੂੰ ਸ਼ਾਮ ਦੇ 8:00 ਵਜੇ ਤੋਂ ਬਾਅਦ ਪ੍ਰਾਪਤ ਹੋਈਆਂ ਬੈਲਟਾਂ ਦੀ ਗਿਣਤੀ ਨਹੀਂ ਕੀਤੀ ਜਾਵੇਗੀ।

## ਮੈਂ ਕਦੋਂ ਅਤੇ ਕਿੱਥੇ ਵੋਟ ਪਾ ਸਕਦਾ/ਸਕਦੀ ਹਾਂ?

ਜਾ ਕੇ ਵੋਟ ਪਾਉਣੀ

ਤੁਸੀਂ ਅਗਾਊਂ ਵੋਟਾਂ ਪਾਉਣ ਵਾਲੇ ਦਿਨਾਂ ਜਾਂ ਆਮ ਵੋਟਾਂ ਪਾਉਣ ਵਾਲੇ ਦਿਨ (17 ਅਕਤੂਬਰ) ਸ਼ਹਿਰ ਦੇ ਕਿਸੇ ਵੀ ਪੋਲਿੰਗ ਸਟੇਸ਼ਨ 'ਤੇ ਵੋਟ ਪਾ ਸਕਦੇ ਹੋ। ਸਾਰੇ ਪੋਲਿੰਗ ਸਟੇਸ਼ਨ ਪਹੁੰਚ-ਯੋਗ ਹਨ। ਜੇਕਰ ਤੁਸੀਂ ਪੋਲਿੰਗ ਸਟੇਸ਼ਨ ਦੇ ਅੰਦਰ ਨਹੀਂ ਜਾ ਸਕਦੇ, ਤਾਂ ਪ੍ਰਧਾਨ ਚੋਣ ਅਧਿਕਾਰੀ (ਪ੍ਰੈਜ਼ਾਈਡਿੰਗ ਇਲੈਕਸ਼ਨ ਆਫੀਸ਼ੀਅਲ) ਕਰਬਸਾਈਡ ਵੋਟਿੰਗ (ਇਮਾਰਤ ਦੇ ਬਾਹਰ ਵੋਟ ਪਾਉਣ ਦੀ ਸਹੂਲਤ) ਰਾਹੀਂ ਤੁਹਾਡੀ ਮਦਦ ਕਰ ਸਕਦਾ ਹੈ।

ਅਗਾਊਂ ਵੋਟਾਂ ਪਾਉਣ (ਐਡਵਾਂਸ ਵੋਟਿੰਗ) ਦੇ ਦਿਨ *– 7, 8, 9, 10 ਅਤੇ 14 ਅਕਤੂਬਰ*

ਤੁਸੀਂ ਵੱਖ-ਵੱਖ ਤਰੀਕਾਂ ਨੂੰ ਸਵੇਰ ਦੇ 8:00 ਵਜੇ ਤੋਂ ਸ਼ਾਮ ਦੇ 8:00 ਵਜੇ ਤੱਕ ਕਈ ਥਾਵਾਂ 'ਤੇ ਅਗਾਊਂ ਵੋਟ ਪਾ ਸਕਦੇ ਹੋ।

ਆਮ ਵੋਟਾਂ ਪਾਉਣ (ਜਨਰਲ ਵੋਟਿੰਗ) ਵਾਲਾ ਦਿਨ – *17* ਅਕਤੂਬਰ

17 ਅਕਤੂਬਰ ਨੂੰ ਸਵੇਰ ਦੇ 8:00 ਵਜੇ ਤੋਂ ਸ਼ਾਮ ਦੇ 8:00 ਵਜੇ ਤੱਕ, ਤੁਸੀਂ ਨਿਊ ਵੈਸਟਮਨਿਸਟਰ ਵਿੱਚ ਸਥਿਤ 15 ਪੋਲਿੰਗ ਸਟੇਸ਼ਨਾਂ ਵਿੱਚੋਂ ਕਿਸੇ ਵੀ ਸਟੇਸ਼ਨ 'ਤੇ ਵੋਟ ਪਾ ਸਕਦੇ ਹੋ।

ਤੁਸੀਂ ਪੋਲਿੰਗ ਸਟੇਸ਼ਨਾਂ ਦਾ ਨਕਸ਼ਾ ਦੇਖਣ ਲਈ newwestcity.ca/elections 'ਤੇ ਵੀ ਜਾ ਸਕਦੇ ਹੋ।

ਜੇਕਰ ਤੁਹਾਡਾ ਨਾਂ ਵੋਟ ਪਾਉਣ ਲਈ ਦਰਜ (ਰਜਿਸਟਰਡ) ਹੈ, ਤਾਂ ਤੁਹਾਨੂੰ ਸਤੰਬਰ ਦੇ ਅੰਤ ਵਿੱਚ ਡਾਕ ਰਾਹੀਂ ਇੱਕ ਵੋਟਰ ਕਾਰਡ ਮਿਲਣਾ ਚਾਹੀਦਾ ਹੈ, ਜਿਸ ਵਿੱਚ ਪੋਲਿੰਗ ਸਟੇਸ਼ਨਾਂ ਦੀਆਂ ਥਾਵਾਂ ਅਤੇ ਪਤੇ ਦੱਸੇ ਹੋਣਗੇ।

## ਕੀ ਮੈਨੂੰ ਬੈਲਟ 'ਤੇ ਦਿੱਤੇ ਸਾਰੇ ਅਹੁਦਿਆਂ ਲਈ ਵੋਟ ਪਾਉਣ ਦੀ ਲੋੜ ਹੈ?

ਨਹੀਂ। ਤੁਸੀਂ ਹੇਠਾਂ ਦਿੱਤੇ ਵੱਧ ਤੋਂ ਵੱਧ ਤੱਕ ਸਿਰਫ਼ ਉਹਨਾਂ ਉਮੀਦਵਾਰਾਂ ਦੀ ਚੋਣ ਕਰ ਸਕਦੇ ਹੋ ਜਿਨ੍ਹਾਂ ਨੂੰ ਤੁਸੀਂ ਚੁਣਨਾ ਚਾਹੁੰਦੇ ਹੋ:

| | | |
|---|---|---|
| • 1 ਮੇਅਰ | • 6 ਕੌਂਸਲਰ | • 7 ਸਕੂਲ ਟਰੱਸਟੀ |

ਉਦਾਹਰਨ ਵਜੋਂ, ਤੁਸੀਂ 1 ਮੇਅਰ, 3 ਕੌਂਸਲਰ ਅਤੇ 2 ਸਕੂਲ ਟਰੱਸਟੀ ਚੁਣ ਸਕਦੇ ਹੋ ਅਤੇ ਤੁਹਾਡੀਆਂ ਵੋਟਾਂ ਤਾਂ ਵੀ ਗਿਣੀਆਂ ਜਾਣਗੀਆਂ।

ਜੇਕਰ ਤੁਸੀਂ ਗਲਤੀ ਨਾਲ ਜ਼ਿਆਦਾ ਅਹੁਦਿਆਂ ਲਈ ਵੋਟ ਪਾਉਂਦੇ ਹੋ, ਤਾਂ ਵੋਟਾਂ ਦੀ ਗਿਣਤੀ ਕਰਨ ਵਾਲੀ ਮਸ਼ੀਨ ਤੁਹਾਡੀ ਵੋਟ ਪਰਚੀ ਵਾਪਸ ਕਰ ਦੇਵੇਗੀ, ਅਤੇ ਜੇਕਰ ਤੁਸੀਂ ਵੋਟਾਂ ਪਾਉਣ ਵਾਲੀ ਥਾਂ 'ਤੇ ਮੌਜੂਦ ਹੁੰਦੇ ਹੋ ਤਾਂ ਤੁਹਾਨੂੰ ਇੱਕ ਨਵੀਂ ਵੋਟ ਪਰਚੀ ਭਰਨ ਦਾ ਮੌਕਾ ਦਿੱਤਾ ਜਾਵੇਗਾ।

## ਕੀ ਮੈਨੂੰ ਵੋਟ ਪਾਉਣ ਲਈ ਮਦਦ ਮਿਲ ਸਕਦੀ ਹੈ?

ਜੇਕਰ ਤੁਹਾਨੂੰ ਆਪਣੀ ਵੋਟ ਪਰਚੀ (ਬੈਲਟ) 'ਤੇ ਨਿਸ਼ਾਨ ਲਾਉਣ ਜਾਂ ਅਨੁਵਾਦ ਵਿੱਚ ਮਦਦ ਦੀ ਲੋੜ ਹੈ, ਤਾਂ ਪੋਲਿੰਗ ਸਟੇਸ਼ਨ ਦੇ ਇੰਚਾਰਜ ਪ੍ਰਧਾਨ ਚੋਣ ਅਧਿਕਾਰੀ (ਪ੍ਰੈਜ਼ਾਈਡਿੰਗ ਇਲੈਕਸ਼ਨ ਆਫੀਸ਼ਿਅਲ) ਨਾਲ ਸੰਪਰਕ ਕਰੋ।

ਤੁਸੀਂ ਹੇਠ ਲਿਖੇ ਤਰੀਕੇ ਚੁਣ ਸਕਦੇ ਹੋ:

- ਆਪਣੀ ਵੋਟ ਪਰਚੀ (ਬੈਲਟ) 'ਤੇ ਨਿਸ਼ਾਨ ਲਗਾਉਣ ਲਈ ਪ੍ਰਧਾਨ ਚੋਣ ਅਧਿਕਾਰੀ (ਪ੍ਰੈਜ਼ਾਈਡਿੰਗ ਇਲੈਕਸ਼ਨ ਆਫੀਸ਼ੀਅਲ) ਦੀ ਮਦਦ ਲਵੋ। ਸਾਰੇ ਚੋਣ ਅਧਿਕਾਰੀਆਂ ਲਈ ਬੈਲਟ ਦਾ ਭੇਦ ਰੱਖਣ ਦੀ ਸਹੁੰ ਚੁੱਕਣੀ ਲਾਜ਼ਮੀ ਹੁੰਦੀ ਹੈ।
- ਆਪਣੀ ਮਦਦ ਲਈ ਕਿਸੇ ਜਾਣਕਾਰ ਵਿਅਕਤੀ ਨੂੰ ਪੋਲਿੰਗ ਸਟੇਸ਼ਨ 'ਤੇ ਨਾਲ ਲੈ ਕੇ ਆਓ। ਇਸ ਵਿਅਕਤੀ ਨੂੰ ਭੇਦ ਰੱਖਣ ਦੀ ਸਹੁੰ ਚੁੱਕਣੀ ਪਵੇਗੀ (ਪ੍ਰੈਜ਼ਾਈਡਿੰਗ ਇਲੈਕਸ਼ਨ ਆਫੀਸ਼ੀਅਲ ਵੱਲੋਂ ਚੁਕਾਈ ਜਾਵੇਗੀ)।
- ਪੋਲਿੰਗ ਸਟੇਸ਼ਨ 'ਤੇ ਕਰਬਸਾਈਡ ਵੋਟਿੰਗ (ਇਮਾਰਤ ਦੇ ਬਾਹਰ ਵੋਟ ਪਾਉਣ) ਦੀ ਸਹੂਲਤ ਲਈ ਬੇਨਤੀ ਕਰੋ।

## ਵੋਟ ਪਾਉਣ ਲਈ ਪੰਜ ਆਸਾਨ ਕਦਮ

1. ਆਪਣਾ ਵੋਟਰ ਕਾਰਡ ਅਤੇ ਆਪਣੀ ਸ਼ਨਾਖਤ ਵਾਲੀ ਚੀਜ਼ (ਆਈ ਡੀ) ਤਿਆਰ ਰੱਖੋ। ਜੇਕਰ ਤੁਹਾਨੂੰ ਵੋਟ ਪਾਉਣ ਵਿੱਚ ਮਦਦ ਦੀ ਲੋੜ ਹੈ, ਤਾਂ ਤੁਸੀਂ ਕਿਸੇ ਨੂੰ ਆਪਣੇ ਨਾਲ ਲਿਆ ਸਕਦੇ ਹੋ ਜਾਂ ਪੋਲਿੰਗ ਸਟੇਸ਼ਨ 'ਤੇ ਮਦਦ ਮੰਗ ਸਕਦੇ ਹੋ।

2. ਜਦੋਂ ਤੁਸੀਂ ਪੋਲਿੰਗ ਸਟੇਸ਼ਨ ਵਿੱਚ ਦਾਖਲ ਹੋਵੋਗੇ, ਤਾਂ ਤੁਹਾਡਾ ਸਵਾਗਤ ਕੀਤਾ ਜਾਵੇਗਾ ਅਤੇ ਤੁਹਾਨੂੰ ਉਪਲਬਧ ਪਹਿਲੇ ਚੋਣ ਅਧਿਕਾਰੀ ਕੋਲ ਭੇਜਿਆ ਜਾਵੇਗਾ।

3. ਚੋਣ ਅਧਿਕਾਰੀ ਤੁਹਾਡੀ ਸ਼ਨਾਖਤ ਦੀ ਤਸਦੀਕ ਕਰੇਗਾ, ਅਤੇ ਫਿਰ ਤੁਸੀਂ ਇਹ ਪੁਸ਼ਟੀ ਕਰਨ ਲਈ ਇੱਕ ਵਿਹਾਰਕ ਘੋਸ਼ਣਾ-ਪੱਤਰ (ਸਾਲੂਮ ਡਿਕਲੇਅਰੇਸ਼ਨ) 'ਤੇ ਦਸਤਖਤ ਕਰੋਗੇ ਕਿ ਤੁਸੀਂ ਵੋਟ ਪਾਉਣ ਦੇ ਯੋਗ ਹੋ। ਤੁਹਾਨੂੰ ਇੱਕ ਵੋਟ ਪਾਉਣ ਵਾਲੀ ਪਰਚੀ (ਬੈਲਟ) ਮਿਲੇਗੀ।

4. ਵੋਟ ਪਾਉਣ ਲਈ ਬਣੇ ਗੁਪਤ ਬੂਥ 'ਤੇ ਜਾਓ ਅਤੇ ਉਮੀਦਵਾਰਾਂ ਦੇ ਨਾਵਾਂ ਦੇ ਨਾਲ ਬਣੇ ਅੰਡਾਕਾਰ ਖਾਨੇ 'ਚ ਨਿਸ਼ਾਨ ਲਾ ਕੇ ਆਪਣੇ ਉਮੀਦਵਾਰਾਂ ਦੀ ਚੋਣ ਕਰੋ। ਬੈਲਟ 'ਤੇ ਕੋਈ ਹੋਰ ਨਿਸ਼ਾਨ ਨਾ ਲਗਾਓ।

5. ਜਦੋਂ ਤੁਹਾਡੀ ਬੈਲਟ ਭਰ ਕੇ ਤਿਆਰ ਹੋ ਜਾਵੇ, ਤਾਂ ਵੋਟਾਂ ਵਾਲੀ ਮਸ਼ੀਨ ਕੋਲ ਜਾਓ ਅਤੇ ਆਪਣੀ ਬੈਲਟ ਨੂੰ ਉਸ ਵਿੱਚ ਪਾਓ। ਇਸ ਨੂੰ ਸਹੀ ਢੰਗ ਨਾਲ ਪਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਉੱਥੇ ਇੱਕ ਸਹਾਇਕ ਮੌਜੂਦ ਹੋਵੇਗਾ।

## ਵੋਟ ਕਿੱਥੇ ਪਾਈਏ

## ਅਗਾਊਂ ਵੋਟਾਂ ਪਾਉਣ (ਐਡਵਾਂਸ ਵੋਟਿੰਗ) ਦੇ ਦਿਨ

ਸਵੇਰ ਦੇ 8:00 ਵਜੇ – ਸ਼ਾਮ ਦੇ 8:00 ਵਜੇ ਤੱਕ

| ਮਿਤੀ | ਵੋਟਾਂ ਪਾਉਣ ਵਾਲੀ ਜਗ੍ਹਾ | ਐਡਰੈੱਸ |
|---|---|---|
| 7 ਅਤੇ 8 ਅਕਤੂਬਰ | təməsew̓txʷ (ਟਾਮਸ-ਆਊਟ) ਕਮਿਊਨਿਟੀ ਸੈਂਟਰ | 65 ਈਸਟ ਸਿਕਸਥ ਐਵਿਨਿਊ |
| 9 ਅਤੇ 14 ਅਕਤੂਬਰ | ਸੈਂਚੁਰੀ ਹਾਊਸ | 620 ਏਥ ਸਟਰੀਟ |
| 10 ਅਕਤੂਬਰ | ਕੁਈਨ ਐਲਿਜ਼ਾਬੈਥ ਐਲੀਮੈਂਟਰੀ ਸਕੂਲ | 921 ਸਾਲਟਰ ਸਟਰੀਟ |
| 10 ਅਕਤੂਬਰ | ਲਾਰਡ ਟਵੀਡਸਮੁਇਰ ਐਲੀਮੈਂਟਰੀ ਸਕੂਲ | 1714 ਏਥ ਐਵਿਨਿਊ |
| 10 ਅਕਤੂਬਰ | ਐਨਵਿਲ ਸੈਂਟਰ | 777 ਕੋਲੰਬੀਆ ਸਟਰੀਟ |
| 10 ਅਕਤੂਬਰ | Sko:wech (ਸਕਵੋ:ਵੇਚ)ਐਲੀਮੈਂਟਰੀ ਸਕੂਲ | 331 ਰਿਚਮੰਡ ਸਟਰੀਟ |
| 10 ਅਕਤੂਬਰ | ਹਰਬਰਟ ਸਪੈਂਸਰ ਐਲੀਮੈਂਟਰੀ ਸਕੂਲ | 605 ਸੈਕਿੰਡ ਸਟਰੀਟ |

## ਡਾਕ ਰਾਹੀਂ ਭੇਜੀ ਜਾਣ ਵਾਲੀ ਵੋਟ (ਮੇਲ ਬੈਲਟ) ਜਮ੍ਹਾਂ ਕਰਵਾਉਣੀ

**ਸਤੰਬਰ ਦੇ ਅਖੀਰ ਤੋਂ 17 ਅਕਤੂਬਰ ਦੀ ਸ਼ਾਮ ਦੇ 8:00 ਵਜੇ ਤੱਕ – 24 ਘੰਟੇ ਉਪਲਬਧ**

## ਆਮ ਵੋਟਾਂ ਪਾਉਣ (ਜਨਰਲ ਵੋਟਿੰਗ) ਵਾਲਾ ਦਿਨ

**17 ਅਕਤੂਬਰ – ਸਵੇਰ ਦੇ 8:00 ਵਜੇ ਤੋਂ ਸ਼ਾਮ ਦੇ 8:00 ਵਜੇ ਤੱਕ**

| **ਵੋਟਾਂ ਪਾਉਣ ਵਾਲੀ ਜਗ੍ਹਾ** | **ਥਾਂ** | **ਐਡਰੈੱਸ** |
|---|---|---|
| ਕੁਈਨ ਐਲਿਜ਼ਾਬੈਥ ਐਲੀਮੈਂਟਰੀ ਸਕੂਲ | ਜਿਮ | 921 ਸਾਲਟਰ ਸਟਰੀਟ |
| ਕਨਾਟ ਹਾਈਟਸ ਐਲੀਮੈਂਟਰੀ ਸਕੂਲ | ਜਿਮ | 2201 ਲੰਡਨ ਸਟਰੀਟ |
| ਲਾਰਡ ਟਵੀਡਸਮੁਇਰ ਐਲੀਮੈਂਟਰੀ ਸਕੂਲ | ਜਿਮ | 1714 ਏਥ ਐਵਿਨਿਊ |
| ਲਾਰਡ ਕੈਲਵਿਨ ਐਲੀਮੈਂਟਰੀ ਸਕੂਲ | ਜਿਮ | 1010 ਹੈਮਿਲਟਨ ਸਟਰੀਟ |
| ਸੇਂਟ ਬਾਰਨਬਸ ਐਂਗਲੀਕਨ ਚਰਚ | ਪੈਰਿਸ਼ ਹਾਲ | 1010 ਫਿਫਥ ਐਵਿਨਿਊ |
| ਸੈਂਚੁਰੀ ਹਾਊਸ | ਡਗਲਸ/ਫਰ ਕਮਰੇ | 620 ਏਥ ਸਟਰੀਟ |
| ਫਰੇਜ਼ਰ ਰਿਵਰ ਮਿਡਲ ਸਕੂਲ | ਜਿਮ | 800 ਕੁਈਨਜ਼ ਐਵਿਨਿਊ |
| ਐਨਵਿਲ ਸੈਂਟਰ | ਮੇਨ ਫਲੋਰ | 777 ਕੋਲੰਬੀਆ ਸਟਰੀਟ |
| ਕੁਈਨਜ਼ ਐਵਿਨਿਊ ਯੂਨਾਈਟਿਡ ਚਰਚ | ਜਿਮ | 529 ਕੁਈਨਜ਼ ਐਵਿਨਿਊ |
| ਕਕਾਈਟ ਐਲੀਮੈਂਟਰੀ ਸਕੂਲ | ਜਿਮ | 85 ਮੈਰੀਵੇਲ ਸਟਰੀਟ |
| ਹਰਬਰਟ ਸਪੈਂਸਰ ਐਲੀਮੈਂਟਰੀ ਸਕੂਲ | ਜਿਮ | 605 ਸੈਕਿੰਡ ਸਟਰੀਟ |
| ਗਲੈਨਬਰੁੱਕ ਮਿਡਲ ਸਕੂਲ | ਜਿਮ | 701 ਪਾਰਕ ਕ੍ਰੈਸੈਂਟ |
| ਐੱਫ ਡਬਲਿਊ ਹਉਵੇ ਐਲੀਮੈਂਟਰੀ ਸਕੂਲ | ਜਿਮ | 91 ਕੋਰਟਨੀ ਸਟਰੀਟ |
| Sko:wech (ਸਕਵੇ:ਵੇਚ) ਐਲੀਮੈਂਟਰੀ ਸਕੂਲ | ਜਿਮ | 331 ਰਿਚਮੰਡ ਸਟਰੀਟ |
| ਸੈਪਰਟਨ ਪੈਨਸ਼ਨਰਜ਼ ਹਾਲ | ਬੇਸਮੈਂਟ | 318 ਕੈਰੀ ਸਟਰੀਟ |

## ਚੋਣ ਨਤੀਜੇ

ਚੋਣ ਨਤੀਜੇ newwestcity.ca/elections 'ਤੇ ਆਨਲਾਈਨ ਉਪਲਬਧ ਹੋਣਗੇ। ਨਤੀਜੇ 17 ਅਕਤੂਬਰ ਨੂੰ ਸ਼ਾਮ ਦੇ 8:00 ਵਜੇ ਤੋਂ ਬਾਅਦ ਮਿਲਣੇ ਸ਼ੁਰੂ ਹੋ ਜਾਣਗੇ।

ਅਧਿਕਾਰਤ ਨਤੀਜੇ 21 ਅਕਤੂਬਰ ਤੱਕ ਐਲਾਨ ਦਿੱਤੇ ਜਾਣਗੇ ਅਤੇ ਨਿਊ ਵੈਸਟ ਸ਼ਹਿਰ ਦੀ ਵੈੱਬਸਾਈਟ 'ਤੇ ਪਾ ਦਿੱਤੇ ਜਾਣਗੇ।

ਹੋਰ ਜਾਣਕਾਰੀ ਚਾਹੀਦੀ ਹੈ ਜਾਂ ਕੋਈ ਸਵਾਲ ਹਨ? https://www.newwestcity.ca/elections 'ਤੇ ਜਾਓ।

## ਸਾਡੇ ਨਾਲ ਸੰਪਰਕ ਕਰੋ

### ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਜਾਂ ਕੋਈ ਸਵਾਲ ਹਨ?

**ਵੈੱਬਸਾਈਟ:** newwestcity.ca/elections

**ਫੋਨ:** 604-527-4618

ਈਮੇਲ: elections@newwestcity.ca